# iekw bwxI iek guru…

**ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥** (ਪੰਨਾ-੬੪੬)

**ਇਕਾ ਬਾਣੀ**—ਇਸ ਸ਼ਬਦ ਨੂੰ ਸਮਝਣ ਲਈ ਡੂੰਘੀ ਆਤਮਿਕ ਵਿਚਾਰ ਦੀ ਲੋੜ ਹੈ ।

ਜੇ ਕਿਸੇ ਠੁੱਲੀ ਮਾਦੀ (material) ਸ਼ੈਅ ਦੀ ਅਸਲੀਅਤ ਬਾਬਤ ਖੋਜ ਕਰਨ ਲਈ ਤੋੜ-ਫੋੜ (dissect) ਕੀਤੀ ਜਾਵੇ ਤਾਂ ਉਹ ਕਈ ਸ਼ਕਲਾਂ ਤੇ ਤੱਤਾਂ ਵਿਚ ਬਦਲਦੇ ਪ੍ਰਤੀਤ ਹੁੰਦੇ ਹਨ । ਉਦਾਹਰਨ ਵਜੋਂ—

ਹਾਈਡਰੋਜਨ (hydrogen) ਅਤੇ ਆਕਸੀਜਨ (oxygen) ਦੇ ਸੁਮੇਲ ਤੋਂ ਪਾਣੀ ਬਣਦਾ ਹੈ ।

ਨਾਈਟਰੋਜਨ (nitrogen) ਅਤੇ ਆਕਸੀਜਨ ਦੇ ਮੇਲ ਤੋਂ ਹਵਾ ਬਣਦੀ ਹੈ ।

ਕਾਰਬਨ (carbon) ਅਤੇ ਆਕਸੀਜਨ ਦੇ ਮਿਲਾਪ ਤੋਂ ਅੱਗ ਦਾ ਪ੍ਰਗਟਾਵਾ ਹੁੰਦਾ ਹੈ ।

ਇਨਸਾਨ ਦੀ ਦੇਹ ਪੰਜ ਤੱਤਾਂ ਦੀ ਬਣੀ ਹੋਈ ਹੈ । ਜਦ ਇਨਸਾਨ ਦੀ ਮੌਤ ਹੋ ਜਾਂਦੀ ਹੈ, ਤਾਂ ਇਹ ਪੰਜ ਤੱਤ ਆਪੋ-ਆਪਣੇ ਮੁੱਢਲੇ ਤੱਤਾਂ ਵਿਚ ਸਮਾ ਜਾਂਦੇ ਹਨ ।

ਇਸ ਤੋਂ ਭੀ ਡੂੰਘੀ ਖੋਜ ਕੀਤੀ ਜਾਵੇ, ਤਾਂ ਹਰ ਇਕ ਸ਼ੈਅ ਇਲੈਕਟਰੋਨਜ਼ (electrons) ਆਦਿ ਵਿਚ ਬਦਲਦੀ ਹੋਈ ਆਪਣੇ ਅਸਲੀ ਪਰਮ ਤੱਤ (Primal element) ਦੀ ਹਾਲਤ ਵਿਚ ਪ੍ਰਗਟ ਹੁੰਦੀ ਹੈ ਅਤੇ ਜਦ ਇਹ ਹਰਕਤ (vibrate) ਕਰਦੀ ਹੈ, ਤਾਂ ਇਸ ਵਿਚੋਂ ਅਸਚਰਜ ਆਤਮਿਕ ਕਲਾ ਦੇ ਪ੍ਰਗਟਾਵੇ ਹੁੰਦੇ ਹਨ—

1. ਅਨਹਦ ਧੁਨੀ (Divine Music)
2. ਆਤਮਿਕ ਪ੍ਰਕਾਸ਼ (Divine Light)
3. ਆਤਮਿਕ ਸ਼ਕਤੀ (Divine Power)

ਇਹ 'ਅਨਹਦ ਨਾਦ', 'ਅਨਹਦ ਧੁਨੀ', 'ਸ਼ਬਦ' ਅਥਵਾ 'ਬਾਣੀ' ਸਾਡੇ ਅੰਦਰ ਆਤਮਿਕ ਡੂੰਘਿਆਈਆਂ ਵਿਚ ਇਕ-ਰਸ ਲਗਾਤਾਰ ਵਜਦੀ ਰਹਿੰਦੀ ਹੈ ।

ਭੁਗਤਿ ਗਿਆਨੁ ਦਇਆ ਭੰਡਾਰਣਿ **ਘਟਿ ਘਟਿ ਵਾਜਹਿ ਨਾਦ ॥** (ਪੰਨਾ-੭)

ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ ॥ (ਪੰਨਾ-੬੨)

ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ ਤ੍ਰਿਭਵਣ ਜੋਤਿ ਸੁ ਸਬਦਿ ਲਹੈ ॥ (ਪੰਨਾ-੯੪੫)



## *There is One Bani; there is One Guru; there is one Shabad to contemplate.* *646*

One Bani – an in depth discussion is necessary to understand this shabad.

If some gross material thing is dissected in order to research into the nature of its true composition, it will be observed that its form will appear to change into several different elements. For example –

Water is made from the synthesis of hydrogen and oxygen.

Air is made from the synthesis of nitrogen and oxygen.

From the synthesis of carbon and oxygen fire comes into being.

Man's body is made up of five elements. When man dies then these elements will merge with their original elements.

A deeper research then this will reveal that every thing, transmuting itself into electrons etc manifests itself in the form of its true Primal element and when it vibrates, then from within itself wondrous divine energy becomes apparent -

1 Divine Music
2 Divine Light
3 Divine Power

This 'Incessant sound', 'Divine Music', 'Shabad or Divine Word' or 'Bani', continuously begins to vibrate uninterruptedly in the deeper recesses of our spiritual self.

1 *Let spiritual wisdom be your food, and compassion your attendant. The Sound-current of the Naad vibrates in each and every heart.* *7*

2 *In each and every heart the Music of the Lord's Flute vibrates, night and day, with sublime love for the Shabad.* *62*

3 *This Shabad permeates the nucleus of the self, deep within, in its own home; the Light of this Shabad pervades the three worlds.* *945*

ਜਦ ਸਾਡੀ 'ਸੁਰਤੀ' ਅੰਤਰਮੁਖੀ ਹੋ ਕੇ ਸਿਮਰਨ ਦੁਆਰਾ—
ਅਨਹਦ ਧੁਨੀ ਨੂੰ ਸੁਣ ਕੇ
ਵਿਸਮਾਦ ਵਿਚ ਹੈਰਾਨ ਹੋ ਕੇ
ਵਾਹ-ਵਾਹ ਦੇ ਆਤਮਿਕ ਹਿੰਡੋਲੇ ਤੇ ਚੜ੍ਹਦੀ ਹੈ

ਤਾਂ ਗੁਰਸਬਦੀ ਗੋਬਿੰਦ ਗੱਜਦਾ ਹੈ ਅਤੇ ਇਸ ਦਾ ਕਿਸੇ 'ਬੋਲੀ' ਦੁਆਰਾ ਪ੍ਰਗਟਾਵਾ ਹੁੰਦਾ ਹੈ, ਤਾਂ ਉਸ ਨੂੰ **'ਬਾਣੀ'** ਕਿਹਾ ਜਾਂਦਾ ਹੈ।

ਜਦ ਇਹੋ 'ਅਨਹਦ ਧੁਨੀ' ਅਥਵਾ **'ਇਲਾਹੀ ਬਾਣੀ'** ਦਾ ਪ੍ਰਗਟਾਵਾ ਗੁਰੂਆਂ, ਭਗਤਾਂ ਜਾਂ ਸੰਤਾਂ ਦੇ ਹਿਰਦੇ ਦੀਆਂ ਡੂੰਘਿਆਈਆਂ ਵਿਚੋਂ ਹੁੰਦਾ ਹੈ, ਤਾਂ ਉਸ ਨੂੰ—

'ਗੁਰਬਾਣੀ'
'ਭਗਤ ਬਾਣੀ'
'ਸਚ ਬਾਣੀ'
'ਅੰਮ੍ਰਿਤ ਬਾਣੀ'
'ਅਨਹਦ ਬਾਣੀ'
'ਨਿਰਮਲ ਬਾਣੀ'
'ਧੁਰ ਕੀ ਬਾਣੀ'
'ਖਸਮ ਕੀ ਬਾਣੀ'
'ਪ੍ਰਭ ਬਾਣੀ'
'ਰੂੜੀ ਬਾਣੀ'
'ਪੂਰੀ ਬਾਣੀ'
'ਅਚਰਜ ਬਾਣੀ'

ਆਦਿ ਕਿਹਾ ਜਾਂਦਾ ਹੈ।

ਇਹ 'ਅਨਹਦ ਧੁਨੀ', 'ਅਨਹਦ ਨਾਦ' ਅਥਵਾ 'ਬਾਣੀ'—**ਅਕਾਲ ਪੁਰਖ ਦਾ ਪ੍ਰਕਾਸ਼ ਰੂਪ ਹੈ,** ਜਿਸ ਤਰ੍ਹਾਂ 'ਧੁਪ'—ਸੂਰਜ ਦਾ ਪ੍ਰਕਾਸ਼ ਰੂਪ ਹੈ।

ਕਿਉਂਕਿ ਅਕਾਲ ਪੁਰਖ ਸਦਾ 'ਇਕੋ' ਹੈ, ਇਸ ਲਈ ਉਸ ਵਿਚੋਂ ਪ੍ਰਕਾਸ਼-ਮਈ 'ਅਨਹਦ ਧੁਨੀ', 'ਅਨਹਦ ਨਾਦ', **'ਅਨਹਦ ਬਾਣੀ' ਭੀ ਇਕੋ ਹੋ ਸਕਦੀ ਹੈ।**

ਜਿਵੇਂ ਸੂਰਜ ਵਿਚੋਂ ਸਦਾ ਹੀ ਅਤੁਟ, ਅਮਿਤ, ਅਨਹਦ, ਲਗਾਤਾਰ ਕਿਰਨਾਂ ਦੇ ਪ੍ਰਕਾਸ਼ ਨਾਲ ਸੰਸਾਰ ਨੂੰ ਜੀਵਨ ਪ੍ਰਦਾਨ ਹੁੰਦਾ ਹੈ। ਇਸੇ ਤਰ੍ਹਾਂ ਇਸ ਅਨਹਦ ਧੁਨੀ ਨਾਲ 'ਬਾਣੀ' ਦੁਆਰਾ ਸੰਸਾਰ ਨੂੰ ਸਦਾ ਲਈ ਇਲਾਹੀ ਪ੍ਰਕਾਸ਼ ਅਤੇ **'ਆਤਮਿਕ ਜੀਵਨ'** ਮਿਲਦਾ ਹੈ।

ਜਦ ਇਹ ਪ੍ਰਕਾਸ਼ ਰੂਪ 'ਬਾਣੀ', 'ਸਬਦ' ਅਥਵਾ 'ਅਨਹਦ ਨਾਦ'—
ਇਕ ਹੈ
ਅਕਾਲ ਹੈ
ਅਦੇਸ ਹੈ।



When our 'consciousness', through *simran* (continuous remembrance)
begins to hear the incessant melody,
gets overwhelmed in its wondrousness and
soars into the spiritual swing of Wah-Wah

then through the Bani of the Guru, Gobind, the Lord of world thunders and this manifestation takes the form of some 'word' and this (word) is called 'Bani'.

When the manifestation of this 'incessant sound current' or 'Divine Bani' takes place in the inner depths of the hearts of the Gurus, Bhagats (devotees) or saints (spiritually evolved beings), then that is called –

'Gurbani'
'Bhagat Bani'
'True Bani'
'Ambrosial Bani'
'Incessant Bani'
'Pure Bani'
'Bani from the original source'
Bani of the Master'
'Primal Bani'
'Beauteous Bani'
'Perfect Bani'
"Wondrous Bani' etc.

This 'incessant melody', 'incessant sound' or 'Bani' – is the manifested form of the Timeless Being, in the same way as 'sunlight' is the manifested form of the sun.

Because the Timeless Being is forever 'ONE', therefore the 'incessant melody', 'incessant sound current', 'incessant bani' that has manifested from the Timeless Being Himself too can only be ONE.

Just as the world at all times derives its life from the illumination of the uninterrupted, boundless, incessant, continuous rays of the sun, in the same way with this incessant melody through the 'Bani', the creation receives divine illumination and 'spiritual life' all the time.

When this embodiment of illumination, 'Bani', 'Divine Word', or 'incessant or unstruck melody'

is one
is timeless
is country less – not bound to any one place

ਬੇਅੰਤ ਹੈ
ਆਦਿ ਜੁਗਾਦੀ ਹੈ
ਸੰਪੂਰਨ ਹੈ

ਤਾਂ ਇਹ **ਅਨਹਦ ਬਾਣੀ**—
ਅਖਰਾਂ ਵਿਚ
ਬੋਲੀ ਵਿਚ
ਦੇਸ਼ ਵਿਚ
ਕਾਲ ਵਿਚ
ਧਰਮ ਜਾਂ ਮਜ਼ਹਬ ਵਿਚ

**ਸੀਮਤ ਨਹੀਂ ਹੋ ਸਕਦੀ।**

ਇਸ ਬਾਣੀ ਦੇ ਸਰਬੱਗ ਤੇ ਅਨੰਤ ਹੋਣ ਦਾ ਇਹ ਸਬੂਤ ਹੈ, ਕਿ **'ਗੁਰੂ ਗ੍ਰੰਥ ਸਾਹਿਬ ਜੀ'** ਵਿਚ ਸਿੱਖ ਗੁਰੂ ਸਾਹਿਬਾਨਾਂ ਤੋਂ ਇਲਾਵਾ ਅਨੇਕਾਂ ਸਮਕਾਲੀ ਅਤੇ ਕਈਆਂ ਮਤਾਂ, ਦੇਸ਼ਾਂ ਦੇ ਵੱਖੋ-ਵੱਖਰੇ ਸਮਿਆਂ ਵਿਚ ਹੋ ਗੁਜ਼ਰੇ ਸੰਤਾਂ-ਭਗਤਾਂ-ਮਹਾਂਪੁਰਖਾਂ ਦੀ ਬਾਣੀ ਵੀ ਸ਼ਾਮਲ ਹੈ, **ਜਿਹੜੀ ਇਕੋ 'ਅਨਹਦ ਧੁਨੀ' ਦੀ ਪ੍ਰਤੀਕ ਹੈ** ਤੇ ਇਸ ਦੇ ਪ੍ਰਕਾਸ਼ ਵਿਚੋਂ ਉਨ੍ਹਾਂ ਸੰਤਾਂ-ਭਗਤਾਂ ਦੇ ਹਿਰਦਿਆਂ ਰਾਹੀਂ ਭਿੰਨ-ਭਿੰਨ ਬੋਲੀਆਂ, ਦੇਸ਼ਾਂ ਅਤੇ ਸਮਿਆਂ ਵਿਚ ਪ੍ਰਗਟ ਹੁੰਦੀ ਰਹੀ ਹੈ।

ਜਿਸ ਤਰ੍ਹਾਂ **ਇਕੋ 'ਨਾਨਕ ਜੋਤ'** ਗੁਰੂ ਸਾਹਿਬਾਂ ਦੇ ਦਸ ਸਰੂਪਾਂ ਵਿਚੋਂ ਪ੍ਰਕਾਸ਼ਤ ਹੁੰਦੀ ਰਹੀ ਉਸੇ ਤਰ੍ਹਾਂ 'ਅਨਹਦ ਬਾਣੀ ਅਥਵਾ **'ਇਕਾ ਬਾਣੀ'** ਭੀ ਸੀਮਤ ਬੋਲੀ ਅਤੇ ਸੀਮਤ ਅਖਰਾਂ ਵਿਚ ਪ੍ਰਕਾਸ਼ਮਾਨ ਹੋਈ ਹੈ, ਜਿਸ ਨੂੰ ਅਸੀਂ ਗੁਰਬਾਣੀ ਅਥਵਾ 'ਗੁਰੂ ਗ੍ਰੰਥ ਸਾਹਿਬ ਜੀ' ਦੇ ਸਰੂਪ ਵਿਚ ਮੰਨਦੇ ਹਾਂ। ਇਸ ਦਾ ਮਤਲਬ ਇਹ ਹੈ, ਕਿ ਕਿਸੇ ਖਾਸ ਅਖਰ ਜਾਂ ਬੋਲੀ ਦੇ ਰੂਪ ਧਾਰਨ ਨਾਲ ਭੀ ਇਹ 'ਅਨਹਦ ਬਾਣੀ'-ਅਖਰਾਂ ਜਾਂ ਬੋਲੀ ਵਿਚ ਸੀਮਤ ਨਹੀਂ ਹੋ ਸਕਦੀ।

ਅਖਰ ਸਾਸਤ੍ਰ ਸਿੰਮ੍ਰਿਤ ਪੁਰਾਨਾ ॥
ਅਖਰ ਨਾਦ ਕਥਨ ਵਖ੍ਯ੍ਯਾਨਾ ॥...
ਦ੍ਰਿਸਟਿਮਾਨ ਅਖਰ ਹੈ ਜੇਤਾ ॥
ਨਾਨਕ ਪਾਰਬ੍ਰਹਮ ਨਿਰਲੇਪਾ ॥ (ਪੰਨਾ-੨੬੧)

ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ ॥
**ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ ॥**
ਜਹਾ ਬੋਲ ਤਹ ਅਛਰ ਆਵਾ ॥ ਜਹ ਅਬੋਲ ਤਹ ਮਨੁ ਨ ਰਹਾਵਾ ॥
ਬੋਲ ਅਬੋਲ ਮਧਿ ਹੈ ਸੋਈ ॥
**ਜਸ ਓਹੁ ਹੈ ਤਸ ਲਖੈ ਨ ਕੋਈ ॥** (ਪੰਨਾ-੩੪੦)

ਇਸ ਲਈ ਇਹ ਕਹਿਣਾ ਗਲਤ ਹੈ ਕਿ ਇਹ ਬਾਣੀ ਜੋ ਸਾਨੂੰ ਗੁਰਸਿਖਾਂ ਨੂੰ ਵਿਰਸੇ ਵਿਚ ਮਿਲੀ ਹੈ, **ਸਿਰਫ਼ ਸਾਡੀ ਸਿਖਾਂ ਦੀ ਹੀ 'ਮਲਕੀਅਤ' ਹੈ,** ਬਲਕਿ ਇਹ ਬਾਣੀ ਦੇਸ਼-ਕਾਲ ਤੋਂ



is boundless
before and after creation it is
is perfect

then this incessant or unstruck melody cannot be limited or reduced –

into letters
into words
into a country or territory
into timeframe
into belief or creed.

The proof that this Bani is omniscient ( that is all knowing) and boundless, lies in the fact that in the 'Revered Guru Granth Sahib', apart from the (Bani) of the Sikh Gurus, the Bani of many other like similar minded saints, devotees, and spiritually evolved great souls, belonging to different denominations, regions and eras too is included. This (inclusion) is symbolic of the ONE 'incessant or unstruck melody' and from its illumination it continued to manifest through the hearts of these saints-devotees in different words or languages, regions, and era.

Just as the ONE 'Light of Nanak' continued to manifest in the ten forms of the gurus, in the same way the 'incessant or unstruck bani' or the 'ONE BANI' too has manifested itself through limited words and limited letters which we faithfully believe and accept as Gurbani or as it appears in the form of 'Guru Granth Sahib Ji'. This means that despite assuming or taking the form of some letters or words, this 'incessant or unstruck Bani' cannot be limited to any letter or word.

1 *From the Word, came the Shaastras, Simritees and Puraanas.*
*From the Word, came the sound current of the Naad, speeches and explanations.....*
*In the visible universe, the Word is seen.*
*O Nanak, the Supreme Lord God remains unattached and untouched.* 261

2 *Through these fifty-two letters, the three worlds and all things are described.*
*These letters shall perish; they cannot describe the Imperishable Lord. ||1||*
*Wherever there is speech, there are letters.*
*Where there is no speech, there, the mind rests on nothing.*
*He is in both speech and silence.*
*No one can know Him as He is.* 340

For this reason it is wrong to say that this bani which the Sikhs have received in their heritage, belongs to and is the property of the Sikhs. In fact this Bani is

ਰਹਿਤ ਹੈ ਅਤੇ 'ਅਨਹਦ ਧੁਨੀ' ਦੁਆਰਾ ਸਾਰੇ ਖੰਡਾਂ-ਬ੍ਰਹਮੰਡਾਂ ਵਿਚ ਫੈਲਿਓ ਅਨੁਰਾਗ ਹੈ, ਤਦੇ ਇਹ ਬਾਣੀ ਸਾਰੇ ਵਿਸ਼ਵ ਦਾ ਸਾਂਝਾ ਜੁਗੋ-ਜੁਗ ਚਾਨਣ ਮੁਨਾਰਾ ਅਥਵਾ **'ਜਗ ਚਾਨਣ'** ਹੈ—

ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥ (ਪੰਨਾ-੬੭)
ਪਰਥਾਇ ਸਾਖੀ ਮਹਾਪੁਰਖ ਬੋਲਦੇ ਸਾਝੀ ਸਗਲ ਜਹਾਨੈ ॥ (ਪੰਨਾ-੬੪੭)
ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥ (ਪੰਨਾ-੭੪੭)

ਇਸ ਲਈ ਇਹ ਗੁਰਬਾਣੀ ਸਾਡੀ ਗੁਰਸਿਖਾਂ ਦੀ ਵਿਰਾਸਤ ਹੀ ਨਹੀਂ ਬਲਕਿ ਅਮਾਨਤ ਭੀ ਹੈ, ਜਿਸ ਦੇ **'ਅਨੁਭਵੀ ਤਤ ਗਿਆਨ'** ਦੇ ਪ੍ਰਕਾਸ਼ ਨੂੰ ਸੰਸਾਰ ਦੇ ਕੋਨੇ-ਕੋਨੇ ਤਾਈਂ ਫੈਲਾਉਣਾ ਸਾਡਾ ਪਹਿਲਾ ਤੇ ਮੁਖ ਫਰਜ਼ ਬਣਦਾ ਹੈ ।

ਪਰ ਅਤਿਅੰਤ ਦੁਖ ਦੀ ਗੱਲ ਹੈ ਕਿ ਸਤਿਗੁਰਾਂ ਦੇ ਇਸ ਅਮੋਲਕ ਆਤਮਿਕ ਖਜ਼ਾਨੇ ਦੀ ਵਿਰਾਸਤ ਤੋਂ ਅਸੀਂ ਆਪ ਵੀ ਪੂਰਾ-ਪੂਰਾ ਲਾਹਾ ਨਹੀਂ ਲੈ ਸਕੇ । ਸੰਸਾਰ ਵਿਚ ਇਸ ਬਾਣੀ ਦੇ ਸਾਰਥਕ 'ਤਤ ਗਿਆਨ' ਨੂੰ ਫੈਲਾਉਣਾ ਤਾਂ ਕੀ ਸੀ, ਬਲਕਿ ਗੁਰਬਾਣੀ ਨੂੰ ਸਿਰਫ਼—

ਪਾਠ-ਪੂਜਾ
ਕਰਮ-ਕਾਂਡ
ਭਾਈਚਾਰਕ ਬਿਉਹਾਰ
ਸੁਆਰਥ ਪੂਰਤੀ
ਰਾਗ ਦੇ ਪ੍ਰਗਟਾਵੇ
ਵਾਦ-ਵਿਵਾਦ

ਕਰਨ ਲਈ ਹੀ ਵਰਤਿਆ ਹੈ । ਇਸ ਅਣਗਹਿਲੀ ਲਈ ਸਮੂਹ ਸਿਖ-ਸੰਗਤਾਂ ਜ਼ਿੰਮੇਵਾਰ ਹਨ ।

**'ਇਕ ਗੁਰੂ'**—'ਗੁਰੂ' ਅਖਰ ਦੇ ਅਰਥ ਹਨ, ਜੋ ਅਗਿਆਨ ਨੂੰ ਨਾਸ਼ ਕਰਦਾ ਹੈ ਅਤੇ ਸਿਖ ਨੂੰ 'ਤਤ-ਗਿਆਨ' ਸਮਝਾਉਂਦਾ ਹੈ, ਉਹ 'ਗੁਰੂ' ਹੈ ।

ਦੂਜੇ ਲਫ਼ਜ਼ਾਂ ਵਿਚ ਅਗਿਆਨਤਾ ਯਾ ਭਰਮ ਦੇ ਹਨੇਰੇ ਨੂੰ ਦੂਰ ਕਰਨ ਵਾਲੀ 'ਰੋਸ਼ਨੀ' ਨੂੰ ਹੀ ਗੁਰੂ ਕਿਹਾ ਜਾਂਦਾ ਹੈ, ਇਸ ਲਈ 'ਗੁਰੂ' ਇਲਾਹੀ ਰੋਸ਼ਨੀ ਜਾਂ ਪ੍ਰਕਾਸ਼ ਰੂਪ 'ਜੋਤ' ਹੈ ।

ਜਿਸ ਤਰ੍ਹਾਂ ਦ੍ਰਿਸਟਮਾਨ ਦੁਨੀਆਂ ਵਿਚ ਸੂਰਜ ਇਕ ਹੈ ਅਤੇ ਉਸ ਦੀ ਇਕੋ ਪ੍ਰਕਾਸ਼-ਮਈ 'ਧੁੱਪ' ਸਾਰੀ ਦੁਨੀਆਂ ਦਾ ਅੰਧੇਰਾ ਦੂਰ ਕਰਦੀ ਹੈ। ਇਸੇ ਤਰ੍ਹਾਂ ਇਲਾਹੀ ਧੁਪ ਅਥਵਾ 'ਸਬਦ'—ਸਾਡੇ ਮਾਇਆ ਦੇ ਭਰਮ ਦੇ ਹਨੇਰੇ ਨੂੰ ਦੂਰ ਕਰਦਾ ਹੈ । **ਇਹ ਇਲਾਹੀ ਪ੍ਰਕਾਸ਼-ਰੂਪ ਸਬਦ ਹੀ ਸਾਰੇ ਵਿਸ਼ਵ ਦਾ ਸੱਚਾ-ਸੁੱਚਾ ਇਕੋ-ਇਕ 'ਗੁਰੂ' ਹੈ ।** ਇਹ ਅਤਿ ਸੂਖਮ ਪ੍ਰਕਾਸ਼-ਮਈ 'ਜੀਵਨ-ਰੌਂ' ਹੈ, ਜਿਸ ਨੂੰ ਗੁਰਬਾਣੀ ਵਿਚ—

ਨਾਮ
ਸਬਦ
ਅੰਮ੍ਰਿਤ
ਹੁਕਮ
ਬਾਣੀ



not bound by region or time and through 'incessant or unstruck melody' this Universal love (of the Creator) exists in the whole universe. That is why this Bani is the common light house or the 'light of the universe' for all ages.

1 *Gurbani is the Light to illuminate this world; by His Grace, it comes to abide within the mind.* 67
2 *Great men speak the teachings by relating them to individual situations, but the whole world shares in them.* 647
3 *The four castes - the Kh'shaatriyas, Brahmins, Soodras and Vaishyas - are equal in respect to the teachings.* 747

This is why Gurbani is not only the heritage of us gursikhs, it has been entrusted to us. It is our first and prime duty to disseminate the illumination of this 'intuitional essence knowledge' to all the four corners of the world.

But the most painful thing is that we ourselves have not been able to benefit fully from the heritage of this precious spiritual treasure. Let alone disseminating this potent 'essence knowledge' of Bani into the world, we have come to use Gurbani only for –

recitation-worship
rites and rituals
social engagements
fulfilling our personal needs
displaying raag or musical metre
debates and arguments.

The whole Sikh community is responsible for this neglect.

'One Guru' – The meaning of the word 'Guru' is - that which destroys ignorance and that which explains the 'essence knowledge' to the Sikh, that is a 'Guru'.

In other words the 'light' that dispels the darkness of ignorance or doubt is called the guru. That is why 'Guru' is the divine light or the manifested 'light' form.

Just as there is one sun in the visible world (in which we live) and its ONE manifested form the 'sunlight' takes away the darkness of the world, in the same way the divine sunlight or the 'Divine Word' – takes away the darkness of the doubt (fallacy) of materialism. This spiritual embodiment of illumination, the Divine Word is the one and only true and pure 'Guru' of the whole creation. This extremely subtle illuminated 'life current' has been lauded and extolled in Gurbani with numerous names (such as) –

Naam
Shabad (or Word)
Amrit -Ambrosial nectar
Hukam or Command
Bani.

ਆਦਿ, ਅਨੇਕਾਂ ਨਾਮਾਂ ਨਾਲ ਸਨਮਾਨਿਆ ਗਿਆ ਹੈ ।

ਗੁਰੂ ਸਾਹਿਬਾਨ ਆਪ **'ਜੋਤ-ਸਰੂਪ'** ਸਨ, **'ਸਬਦ-ਸਰੂਪ'** ਸਨ, ਪਰ ਸਾਡੇ ਕਲਜੁਗੀ ਜੀਵਾਂ ਤੇ ਤਰਸ ਕਰਕੇ ਤਰੁੱਠ ਕੇ ਉਨ੍ਹਾਂ ਪੰਜ-ਭੂਤਕ ਸਰੀਰ ਧਾਰਿਆ । ਇਸ ਲਈ ਕਿ ਸਾਨੂੰ ਇਨ੍ਹਾਂ ਅੱਖਾਂ ਨਾਲ 'ਦਰਸ਼ਨ' ਕਰਕੇ, ਇਨ੍ਹਾਂ ਕੰਨਾਂ ਨਾਲ ਉਨ੍ਹਾਂ ਦੇ ਮੁਖਾਰਬਿੰਦ ਤੋਂ 'ਬਚਨ-ਬਾਣੀ' ਸੁਣ ਕੇ ਸ਼ਰਧਾ ਉਪਜੇ ਅਤੇ ਉਨ੍ਹਾਂ ਦੀ ਆਤਮਿਕ ਅਗਵਾਈ ਦੀ ਰੌਸ਼ਨੀ ਵਿਚ ਆਪਣੇ ਜੀਵਨ ਨੂੰ ਢਾਲ ਕੇ, ਬ੍ਰਹਮ ਮੰਡਲ ਵਿਚ ਪੁਜਣ ਲਈ ਸਤਿਸੰਗ ਦੁਆਰਾ ਉਦਮ ਕਰ ਸਕੀਏ ।

ਜਨੁ ਨਾਨਕੁ ਬੋਲੈ ਅੰਮ੍ਰਿਤ ਬਾਣੀ ॥
ਗੁਰਸਿਖਾਂ ਕੈ ਮਨਿ ਪਿਆਰੀ ਭਾਣੀ ॥
ਉਪਦੇਸੁ ਕਰੇ ਗੁਰੁ ਸਤਿਗੁਰੁ ਪੂਰਾ ਗੁਰੁ ਸਤਿਗੁਰੁ ਪਰਉਪਕਾਰੀਆ ਜੀਉ ॥ (ਪੰਨਾ-੯੬)

ਹੁਣ ਗੁਰੂ ਸਾਹਿਬਾਨਾਂ ਦਾ ਪੰਜ ਭੂਤਕ ਸਰੀਰ ਤਾਂ ਨਹੀਂ, ਪਰ ਉਨ੍ਹਾਂ ਨੇ ਆਪਣਾ ਆਤਮਿਕ

ਪ੍ਰਕਾਸ਼
ਗਿਆਨ
ਦੀਖਿਆ
ਹੁਕਮ
ਉਪਦੇਸ਼
ਵਿਚਾਰ
ਆਦੇਸ਼
ਬਚਨ
ਖਜ਼ਾਨਾ

ਅਥਵਾ 'ਆਪਾ' ਗੁਰਬਾਣੀ ਦੇ ਰੂਪ ਵਿਚ ਸਾਡੀ ਅਗਵਾਈ ਲਈ ਬਖਸ਼ਿਆ ਹੈ ।

ਗੁਰੂ ਸਾਹਿਬਾਨ ਦੀ 'ਬਾਣੀ-ਰੂਪ','ਸਬਦ-ਰੂਪ', 'ਆਤਮਿਕ ਜੋਤ'—ਸੀਮਤ ਤੇ ਬਿਨਸਨਹਾਰ ਅਖਰਾਂ ਦੀ ਪਕੜ ਜਾਂ ਇਨਸਾਨੀ ਬੁੱਧੀ ਦੀ ਸਮਝ ਤੇ ਪਕੜ ਤੋਂ ਪਰ੍ਹੇ ਹੈ । ਪਰ ਇਨ੍ਹਾਂ **ਅਖਰਾਂ ਜਾਂ ਸ਼ਬਦਾਂ ਦੇ ਪਿਛੇ ਉਹੀ ਇਲਾਹੀ ਜੋਤ ਛੁਪੀ ਹੋਈ ਹੈ ।**

ਗੁਰਬਾਣੀ ਵਿਚ ਅਤੇ ਭਾਈ ਗੁਰਦਾਸ ਜੀ ਦੀ ਬਾਣੀ ਵਿਚ ਗੁਰੂ ਦਾ ਸਰੂਪ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ—

ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥ (ਪੰਨਾ-੬੩੫)
ਆਪੇ ਸਤਿਗੁਰੁ ਸਬਦੁ ਹੈ ਆਪੇ ॥ (ਪੰਨਾ-੭੯੭)
ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ (ਪੰਨਾ-੯੪੩)
ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥ (ਪੰਨਾ-੯੮੨)



The reverent Gurus were themselves the 'embodiment of light', the 'embodiment of the shabad or Divine Word', but taking pity on the people in the dark age of kaljug they assumed the physical body of the five elements, so that upon beholding them, upon hearing the 'spoken word' from their divine mouth, the arising of the faith in us under the light of their divine guidance, will consequently enable us to step into the godly realm by making an effort to mould our life through (association with) satsangat, the company of the true ones.

1 *Servant Nanak speaks the Ambrosial Bani of the Word.*
*It is dear and pleasing to the minds of the GurSikhs.*
*The Guru, the Perfect True Guru, shares the Teachings. The Guru, the True Guru, is Generous to all.* 96

Now, the physical body of the five primal elements of the Guru is not (there), but their spiritual

illumination
knowledge
religious instruction
command
sermon
thought process
decree
word
treasure

or (their) 'Self'' has been blessed to us for our guidance in the form of Gurbani.

The 'divine-light', the 'embodiment of bani', the 'embodiment of the divine word' of the reverent Guru is beyond the grasp and understanding of man's intellect. But behind these letters or shabads that vey divine light, lies hidden.

The embodiment or form of the Guru has been described in Gurbani and the bani of Bhai Gurdaas as follows –

2 *The Word of the Shabad is his Guru and spiritual teacher, profound and unfathomable; without the Shabad, the world is insane.635*

2 *He Himself is the True Guru, and He Himself is the Word of the Shabad.* 797

3 *The Shabad is the Guru, and the consciousness is the chaylaa, or the disciple.* 943

4 *The Word, the Bani is Guru, and Guru is the Bani. Within the Bani, the Ambrosial Nectar is contained.* 982

**ਸਚਾ ਸਤਿਗੁਰ ਸਬਦੁ ਅਪਾਰਾ ॥** (ਪੰਨਾ-੧੦੫੫)
ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥ (ਪੰਨਾ-੧੩੦੯)

ਗੁਰ ਮੂਰਤਿ ਗੁਰ ਸਬਦੁ ਹੈ
ਸਾਧ ਸੰਗਤਿ ਮਿਲਿ ਅੰਮ੍ਰਿਤ ਵੇਲਾ । (ਵਾ.ਭਾ.ਗੁ. ੨੪/੧੧)

ਸਤਿਗੁਰ ਮਹਿ ਸ਼ਬਦ ਸ਼ਬਦ ਮਹਿ ਸਤਿਗੁਰ ਹੈ
ਨਿਗੁਨ ਸਗੁਨ ਗਿਆਨ ਨਿਆਨ ਸਮਝਾਵੈ ਜੀ ॥ (ਕ.ਭਾ.ਗੁ. ੬੦੮)

'ਬਾਣੀ' ਇਕ ਹੈ ਤੇ 'ਸਬਦ' ਭੀ ਇਕ ਹੈ, ਇਸ ਲਈ **'ਬਾਣੀ-ਰੂਪ ਗੁਰੂ'** ਤੇ **'ਸਬਦ-ਰੂਪ ਗੁਰੂ' ਇਕੋ ਹੀ ਹਨ** ਅਤੇ ਜੁਗਾਂ-ਜੁਗਾਂਤਰਾਂ ਤੋਂ ਉਸੇ ਇਕੋ ਸਦਾ ਕਾਇਮ-ਦਾਇਮ, ਸਦਾ ਸਲਾਮਤ ਅਤੇ ਅਟੱਲ ਗੁਰੂ ਦਾ ਹੀ ਅਵਤਾਰਾ ਤੇ ਵਰਤ-ਵਰਤਾਰਾ ਚਲਿਆ ਆ ਰਿਹਾ ਹੈ ।

ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ ॥ (ਪੰਨਾ-੫੩)

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥ (ਪੰਨਾ-੭੫੯)

**ਆਦਿ ਅੰਤਿ ਏਕੈ ਅਵਤਾਰਾ ॥**
**ਸੋਈ ਗੁਰੂ ਸਮਝਿਯਹੁ ਹਮਾਰਾ ॥** (ਚੌਪਈ ਪਾ: ੧੦)

ਇਸ ਵਿਚਾਰ ਤੋਂ ਸਿੱਧ ਹੁੰਦਾ ਹੈ, ਕਿ ਗੁਰਮਤਿ ਅਨੁਸਾਰ ਆਦਿ-ਅੰਤ, ਜੁਗੋ ਜੁਗ **'ਇਕੋ ਗੁਰੂ'** ਹੈ, ਦੋ, ਚਾਰ, ਦਸ ਨਹੀਂ ਹੋ ਸਕਦੇ ।

ਹਾਂ ਸਮੇਂ-ਸਮੇਂ, ਉਦੋਂ ਦੀ ਸਭਿਅਤਾ ਅਤੇ ਮਨੁੱਖੀ ਰੁਚੀ ਅਨੁਸ਼ਾਰ ਇਹੋ 'ਇਕੋ ਜੋਤਿ' ਹੀ, ਭਿੰਨ-ਭਿੰਨ ਭੇਖਾਂ ਵਿਚ, ਸਰੀਰ ਧਾਰ ਕੇ ਲੁਕਾਈ ਨੂੰ ਤਾਰਨ ਆਈ ਤੇ ਉਹ ਭਿੰਨ-ਭਿੰਨ ਬੋਲੀਆਂ ਵਿਚ ਆਪਣੀ 'ਬਾਣੀ' ਛੱਡ ਗਏ, ਜਿਸ ਤੋਂ ਭਿੰਨ-ਭਿੰਨ ਮਜ਼ਹਬ ਅਥਵਾ ਧਰਮ ਚਲਦੇ ਰਹੇ ।

ਜਰੂਰੀ ਨੁਕਤਾ ਇਹ ਹੈ, ਕਿ ਉਹ ਸਾਰੇ ਪੀਰ-ਪੈਗੰਬਰ, ਔਲੀਏ, ਅਵਤਾਰ ਆਦਿ, ਆਪਣੇ ਸੇਵਕਾਂ ਅਤੇ ਸ਼ਰਧਾਲੂਆਂ ਨੂੰ ਆਪਣੀ 'ਸ਼ਖਸੀਅਤ' ਅਥਵਾ 'ਵਿਅਕਤੀ ਪੂਜਾ' ਵਿਚ ਹੀ ਫਸਾ ਗਏ ।

ਪਰ ਗੁਰੂ ਸਾਹਿਬਾਨ ਨੇ 'ਸਿਖਾਂ' ਉਪਰ ਅਪਾਰ ਮਿਹਰ-ਬਖਸ਼ਿਸ਼ ਕੀਤੀ ਤੇ ਦੂਰ-ਦ੍ਰਿਸ਼ਟੀ ਦੁਆਰਾ ਸਾਨੂੰ **'ਵਿਅਕਤੀਗਤ ਸ਼ਖਸੀਅਤ'** (personality cult) ਤੋਂ ਉਚਾ ਉਠਾ ਕੇ, ਹਮੇਸ਼ਾ ਲਈ ਇਲਾਹੀ ਪ੍ਰਕਾਸ਼ ਰੂਪ—

'ਬਾਣੀ'
'ਸਬਦ'
'ਨਾਮ'
'ਹੁਕਮ'

ਦੇ ਅਟੱਲ ਤੇ ਇਕੋ-ਇਕ ਸਚੇ ਗੁਰੂ ਦੇ ਲੜ ਲਾ ਗਏ ।



1 *True is the True Guru. Infinite is the Word of His Shabad.* 1055
*The True Guru is the Word, and the Word is the True Guru, who teaches the Path of Liberation.* 1309

2 *Only the Guru's word is the idol of Guru and this word is received in the holy congregation e ambrosial hours of the day.* VBG24/11

3 *The True Guru has the divine Word (Naam) and in the divine word, the True Guru resides. The True Guru alone explains to us the knowledge of the formless aspect of the creator and focussing of the mind on the visible aspect of the creator.* KBG608

'Bani' is one and the divine Word 'shabad' too is one. This is why the 'bani form of the Guru' and the 'word' form of the Guru' are one and the same thing. and throughout the ages the that same one, ever present, eternal and permanent Guru's incarnate form has been pervading.

5 *The Guru and the Transcendent Lord are one and the same, pervading and permeating amongst all.* 53

6 *My True Guru, forever and ever, does not come and go.*
*He is the Imperishable Creator Lord; He is permeating and pervading among all.* 759

7 *From the beginning to the end (of this creation) the One incarnate Lord is (permeating and pervading).*
*Only Him I regard as my Guru.* Baynti Chaupai P10

It is clear from this discussion that according to teachings of the Guru that from the beginning to the end, throughout ages there is only 'One Guru', not two or four or ten.

It is true from time to time, according to the society and human inclinations the one and the same 'One Light' assumed a physical body which appeared in different forms to save mankind. These incarnates left behind their 'bani' in different languages from which different creeds or religions arose and prevailed.

The important point is this, all those holy-prophets, seers, incarnates etc only succeeded in trapping their followers or disciples in the worship of their 'personality' or 'individual worship of the person'.

But the reverent Gurus through their foresight bestowed abundant blessings upon the 'Sikhs' by lifting them about the level of 'personality cult' and forever connected them with the spiritual illumination of

'Bani'
'Shabad'
'Naam'
'hukam',

the one and only one permanent True Guru

ਗੁਰੂ ਸਾਹਿਬਾਨ ਦੀ ਇਸ ਦੂਰ ਅੰਦੇਸ਼ੀ ਅਤੇ ਅਤਿਅੰਤ ਕਿਰਪਾ ਦੁਆਰਾ ਸਾਨੂੰ **ਦੇਹਧਾਰੀ ਗੁਰੂਆਂ ਦੀ ਤਲਾਸ਼ ਦੀ ਖੇਚਲ** ਤੇ ਇਨ੍ਹਾਂ ਆਪੂੰ ਬਣੇ ਗੁਰੂਆਂ ਦੇ ਭੰਬਲ-ਭੂਸਿਆਂ ਅਤੇ ਮਨਮਤਾਂ ਤੋਂ **ਹਮੇਸ਼ਾ ਬਚਾ ਲਿਆ** ਅਤੇ—

ਬਖਸ਼ਿਆਂ ਹੋਇਆਂ
ਮਹਾਂਪੁਰਖਾਂ
ਸੰਤਾਂ
ਭਗਤਾਂ
ਸਾਧ ਜਨਾਂ
ਸਿਮਰਨ ਵਾਲਿਆਂ
ਸਬਦ-ਸੁਰਤ ਵਾਲਿਆਂ
ਅਨਹਦ ਸਬਦ ਵਿਚ ਲੀਨ ਹੋਏ
ਗੁਰੂ ਪਿਆਰ ਵਿਚ ਰੰਗੇ ਹੋਏ
'ਨਾਨਕ ਘਰ ਦੇ ਗੋਲੇ' ਬਣੇ ਹੋਏ
'ਬੈਖਰੀਦ' ਸੇਵਕ ਬਣੇ ਹੋਏ
ਪ੍ਰੇਮ-ਸਵੈਪਨਾ ਦੀ ਮਸਤੀ ਵਾਲੇ
ਪ੍ਰੇਮ-ਰਸ ਵਿਚ ਖੀਵੇ ਹੋਏ
ਪ੍ਰੇਮ-ਪਿਆਲੇ ਨਾਲ ਨਸ਼ਈ ਹੋਏ
ਚੁਪ-ਪ੍ਰੀਤ ਵਿਚ ਮਤਵਾਰੇ ਹੋਏ

ਗੁਰਮੁਖ ਪਿਆਰਿਆਂ ਦੀ **ਸੰਗਤ ਕਰਨ ਦਾ** ਤਾਕੀਦੀ ਉਪਦੇਸ਼ ਦਿਤਾ ਹੈ, ਜਿਸ ਨੂੰ ਗੁਰਬਾਣੀ ਵਿਚ —

'ਸਤਿ ਸੰਗਤ'
'ਸਾਧ ਸੰਗਤ
ਦੈਵੀ ਸੰਗਤ
ਆਤਮ ਸੰਗਤ
ਸਚ ਸੰਗਤ
ਗੁਰ ਸੰਗਤ
'ਸੰਤ ਮੰਡਲੀ
'ਸਾਧ ਸਭਾ'
'ਉਤਮ ਪੰਥ'
'ਸੰਤ ਸਜਨ ਪ੍ਰਵਾਰ

ਆਦਿ ਅਖਰਾਂ ਦੁਆਰਾ ਸਨਮਾਨਿਆ ਗਿਆ ਹੈ ।

**ਸਾਧ ਸਭਾ ਸੰਤਾਂ ਕੀ ਸੰਗਤਿ ਨਦਰਿ ਪ੍ਰਭੂ ਸੁਖੁ ਪਾਇਆ ॥** (ਪੰਨਾ-੪੩੭)



Through the farsightedness and abundant blessings of the reverent Guru, we have been saved for all times from the difficulty of having to search for human gurus and from the fruitless wandering and waywardness of the self declared gurus, and more than that a firm counsel has been given to be in the company of –

blessed ones
highly evolved souls
saints
devotees
mystics
ones absorbed in simran (divine contemplation)
those with awareness of the shabad or divine word
those absorbed in the incessant shabad or divine word
those imbued in the love of the Guru
those who have become the 'slaves of the house of Nanak'
those sold into the service (of the Guru)
those who are intoxicated in love of the inner Self
those who are inebriated in the relish of love
those who are drunk in the goblet of love
those who are high in silent love

Guru-orientated beloveds, which in Gurbani has been venerated with words such as –

'true company'
'holy gathering'
pious company
divine company
company of truth seekers
company of the Guru
saintly circle
holy association
lofty commune
movement of saintly beings etc.

*In the Company of the Holy, and the Saints' Society, by God's Grace, peace is obtained.*
437

ਮੁਕਤਿ ਬੈਕੁੰਠ ਸਾਧ ਕੀ ਸੰਗਤਿ ਜਨ ਪਾਇਓ ਹਰਿ ਕਾ ਧਾਮ ॥ (ਪੰਨਾ-੬੮੨)

ਸੰਤ ਸਭਾ ਜੈਕਾਰੁ ਕਰਿ ਗੁਰਮੁਖਿ ਕਰਮ ਕਮਾਉ ॥ (ਪੰਨਾ-੧੪੧੧)

ਗੁਰੂ ਸਾਹਿਬਾਨ ਦੀ ਇਸ 'ਅਮੋਲਕ ਦੇਣ' ਅਥਵਾ 'ਗੁਰ ਪ੍ਰਸਾਦਿ' ਨੂੰ ਅਸੀਂ ਬੁੱਝਿਆ ਤੇ ਮੰਨਿਆ ਭੀ ਨਹੀਂ, ਸ਼ੁਕਰਾਨਾ ਤਾਂ ਕੀ ਕਰਨਾ ਸੀ !!

**'ਇਕੋ ਸਬਦੁ ਵੀਚਾਰਿ'**—ਉਪਰ ਦਸਿਆ ਜਾ ਚੁਕਿਆ ਹੈ, ਕਿ 'ਬਾਣੀ' ਅਥਵਾ 'ਸਬਦ' ਦੇ ਦੋ ਸਰੂਪ ਹਨ, ਇਕ ਸੂਖਮ ਤੇ ਦੂਜਾ ਸਥੂਲ, ਇਕ ਆਤਮਿਕ ਅਨੁਭਵੀ ਖੇਲ ਤੇ ਦੂਜਾ ਬੁੱਧੀ ਦੀ ਸਮਝ ਤੇ ਪਕੜ ਗੋਚਰਾ, ਇਕ ਸਰਬੱਗ ਤੇ ਦੂਜਾ ਦੇਸ਼-ਕਾਲ ਵਿਚ ਸੀਮਤ, ਇਕ ਅਟੱਲ ਤੇ ਦੂਜਾ ਨਾਸ਼ਵੰਤ ।

ਇਸੇ ਤਰ੍ਹਾਂ **'ਇਕੋ ਸਬਦੁ ਵੀਚਾਰਿ'** ਦੇ ਦੋ ਪਹਿਲੂ ਹਨ—

**ਇਕ ਬੁੱਧੀ ਦਾ ਵਿਸ਼ਾ,** ਤੇ
**ਦੂਜਾ ਅਨੁਭਵੀ ਆਤਮਿਕ ਗਿਆਨ ਦਾ ।**

ਅਸੀਂ ਵੱਡੀ ਭੁੱਲ ਕਰਦੇ ਹਾਂ, ਜਦ ਅਤਿਅੰਤ ਸੂਖਮ ਆਤਮਿਕ ਵਿਸ਼ਿਆਂ ਨੂੰ ਸੀਮਤ ਬੁੱਧੀ ਨਾਲ ਸਮਝ ਕੇ, ਗਿਆਨ ਤੇ ਫਿਲਾਸਫੀਆਂ ਦੁਆਰਾ ਵਾਦ-ਵਿਵਾਦ ਕਰਦੇ ਹਾਂ । ਇਸ ਤਰ੍ਹਾਂ ਆਪਣੇ ਆਪ ਨੂੰ ਅਤੇ ਸੰਗਤਾਂ ਨੂੰ ਭਰਮ-ਭੁਲੇਖਿਆਂ ਤੇ ਭੰਬਲ-ਭੂਸਿਆਂ ਵਿਚ ਪਾ ਕੇ ਗੁਰਬਾਣੀ ਦੇ ਆਸ਼ਿਆਂ ਤੋਂ ਦੁਰੇਡੇ ਜਾ ਰਹੇ ਹਾਂ ।

ਸਿਰਲੇਖ ਪੰਗਤੀ ਵਿਚ ਆਏ ਲਫ਼ਜ਼ **'ਇਕੋ ਸਬਦੁ ਵੀਚਾਰਿ'** ਦਾ ਭਾਵ ਹੈ **'ਅਨੁਭਵੀ ਵਿਚਾਰ'**, ਕਿਉਂਕਿ ਇਹ ਸੂਖਮ 'ਇਕਾ ਬਾਣੀ' ਅਥਵਾ 'ਸਬਦ' ਕੇਵਲ ਅਨੁਭਵੀ ਵਿਚਾਰ ਨਾਲ ਹੀ ਬੁੱਝਿਆ, ਸੀਝਿਆ, ਚੀਨਿਆ, ਪਹਿਚਾਨਿਆ, ਜਾਣਿਆ ਤੇ ਮਾਣਿਆ ਜਾ ਸਕਦਾ ਹੈ, ਇਹ ਸੀਮਤ ਬੁੱਧੀ ਦੇ ਵਿਚਾਰ ਗੋਚਰਾ ਨਹੀਂ ਹੈ ।

ਬੁੱਝਣਾ ਤੇ ਸੀਝਣਾ ਕਿਸੇ ਗੁੱਝੇ ਭੇਦ ਨੂੰ ਜਾਨਣ ਅਥਵਾ ਸਮਝਣ ਨੂੰ ਕਹਿੰਦੇ ਹਨ ਤੇ ਚੀਨਣਾ ਤੇ ਪਹਿਚਾਨਣਾ ਕਿਸੇ ਗੁਆਚੀ ਜਾ ਭੁੱਲੀ ਹੋਈ ਗੱਲ ਨੂੰ ਯਾਦ ਕਰਕੇ ਪਹਿਚਾਨ ਕਰਨਾ ਹੈ, ਇਸ ਸਮੁੱਚੀ ਕ੍ਰਿਆ ਨੂੰ **'ਅਨੁਭਵੀ ਵਿਚਾਰੁ'** ਕਿਹਾ ਗਿਆ ਹੈ ।

ਸਾਧ ਸੰਗਤ ਅਥਵਾ ਬਖਸ਼ੇ ਹੋਏ ਗੁਰਮੁਖ ਪਿਆਰਿਆਂ ਦੇ ਮੇਲ ਅਤੇ ਸੰਗਤ ਵਿਚ ਧਿਆਨ ਨਾਲ ਬਾਣੀ ਦਾ ਪਾਠ ਕਰਦਿਆਂ ਅਤੇ ਨਾਮ-ਅਭਿਆਸ ਕਮਾਈ ਕਰਦਿਆਂ ਸਾਡੇ ਮਨ ਦੀ ਮੈਲ ਸਹਿਜੇ-ਸਹਿਜੇ ਕੱਟੀ ਜਾਣੀ ਸ਼ੁਰੂ ਹੋ ਜਾਂਦੀ ਹੈ । ਸਾਡਾ ਮਨ ਹਲਕਾ ਹੋ ਕੇ ਮਾਇਕੀ ਮੰਡਲ ਵਿਚੋਂ ਗੁਬਾਰੇ ਵਾਂਗ ਉਤਾਂਹ ਆਤਮਿਕ ਮੰਡਲ ਵਿਚ ਉਡਾਰੀਆਂ ਲਾਉਂਦਾ ਹੋਇਆ ਪ੍ਰਕਾਸ਼ ਮੰਡਲ ਵਿਚ ਹੁਲਾਰੇ ਲੈਂਦਾ ਹੋਇਆ ਕਿਸੇ ਅਕਹਿ ਇਲਾਹੀ ਰਹਿਸ-ਮਈ ਪ੍ਰਕਾਸ਼ ਦੀਆਂ ਲਿਸ਼ਕਾਂ ਮਾਣਦਾ ਹੈ ।

ਇਸ ਤਰ੍ਹਾਂ ਮਾਇਕੀ ਮੰਡਲ ਵਿਚੋਂ ਨਿਕਲ ਕੇ, ਜਦ ਸਾਡੇ ਮਨ ਉਤੇ ਆਤਮਿਕ ਪ੍ਰਕਾਸ਼ ਦੀਆਂ ਝਲਕਾਂ ਪੈਂਦੀਆਂ ਹਨ, ਤਾਂ ਸਾਡਾ **ਅਨੁਭਵ ਖੁਲਦਾ ਹੈ ।**

ਇਸੇ ਅਨੁਭਵੀ ਪ੍ਰਕਾਸ਼ ਦੁਆਰਾ ਹੀ ਸਾਡਾ ਮਨ ਆਤਮ ਪ੍ਰਕਾਸ਼ ਨਾਲ ਇਕ ਸੁਰ ਹੋ ਕੇ



1 *Liberation and heaven are found in the Saadh Sangat, the Company of the Holy; his humble servant finds the home of the Lord. 682*

2 *So proclaim the victory of the Society of the Saints, and act as Gurmukh.*

We have not even discovered or accepted this 'priceless gift' of the reverent Guru or the 'Grace of the Guru', let alone expressing gratefulness for it.

**'Contemplate on the One Divine Word'** – It has been stated above that 'Bani' or 'Shabad' has two forms, one subtle and the other material, one the spiritual intuitional play and the other which can be grasped by the intellectual understanding, one is omniscient the other restricted to time and space, one permanent and the other destructible.

In the same way, **'Contemplate on the One Divine Word'** has two aspects –
One the subject of the intellect and
the second intuitional spiritual knowledge.

We make a great mistake when we attempt to understand a very subtle spiritual subject with our limited intellect and through (acquired) knowledge and philosophies we argue and debate. In this way we place ourselves and others in the congregation into fruitless wandering or confusion and in so doing we are distancing ourselves from the aspirations of Gurbani.

The meaning of the words **'Contemplate on the One Divine Word'** in the title line is **'intuitional contemplation'**. because this subtle 'One Bani' or Shabad (Divine Word) can only be unravelled, discovered, recognised, known and enjoyed with intuitional contemplation; it is not within the purview of the limited intellect.

Unravelling or discovering implies coming to know some hidden or secret understanding and remembering and recognising refers to the remembrance through thinking of some forgotten or lost thing. This whole process is referred to as 'intuitional contemplation'.

Reciting Bani with full attention and cultivating the contemplation of Naam in the presence or company of the holy or blessed guru-orientated beloveds, our mind's impurities slowly begin to lessen. Our mind becoming light, rises like a balloon from the materialistic realm, and soaring in the spiritual realm and enjoying the floating sensations in the sphere of illumination, experiences some unutterable incomprehensible divine flashes of illumination.

In this way when our mind comes out of the materialistic realm and flashes of divine illumination fall upon it, only then does our intuition or divine awareness surfaces.

It is only through this intuitional illumination that our mind can harmonises with the divine illumination

'ਬਾਣੀ' ਅਥਵਾ 'ਅਨਹਦ ਸਬਦ' ਦੇ ਪ੍ਰਕਾਸ਼-ਮਈ ਤਤ ਗਿਆਨ ਨੂੰ ਸਮਝ-ਜਾਣ-ਬੁੱਝ-ਸੀਝ ਸਕਦਾ ਹੈ ਅਤੇ **ਗੁਰਬਾਣੀ ਦੇ ਅੰਤ੍ਰ-ਆਤਮੇ ਤਤ ਗਿਆਨ ਦਾ ਲਾਹਾ ਲੈ ਸਕਦਾ ਹੈ।**

ਗੁਰਮੁਖਿ ਬਾਣੀ ਬ੍ਰਹਮੁ ਹੈ ਸਬਦਿ ਮਿਲਾਵਾ ਹੋਇ ॥ (ਪੰਨਾ-੩੯)

ਸਬਦੈ ਸਾਦੁ ਜਾਣਹਿ ਤਾ ਆਪੁ ਪਛਾਣਹਿ ॥
ਨਿਰਮਲ ਬਾਣੀ ਸਬਦਿ ਵਖਾਣਹਿ ॥ (ਪੰਨਾ-੧੧੫)

ਸਚਾ ਆਪਿ ਸਦਾ ਹੈ ਸਾਚਾ ਬਾਣੀ ਸਬਦਿ ਸੁਣਾਈ ॥ (ਪੰਨਾ-੯੧੨)

ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀ ਕਰਮਿ ਧਿਆਈ ॥ (ਪੰਨਾ-੧੨੪੩)

ਦੂਜੇ ਲਫਜ਼ਾਂ ਵਿਚ ਇਸ 'ਅਨਹਦ ਬਾਣੀ' ਅਥਵਾ 'ਅਨਹਦ ਸਬਦ' ਨੂੰ ਸਮਝਣ, ਬੁੱਝਣ ਅਤੇ ਇਸ ਤੇ ਤਤ ਗਿਆਨ ਦੇ ਪ੍ਰਕਾਸ਼ ਅਥਵਾ **'ਅਨੁਭਵੀ ਵਿਚਾਰ'** ਦਾ ਰੰਗ ਮਾਣਨ ਲਈ—

**ਲਗਾਤਾਰ ਸਾਧ ਸੰਗਤ**
**ਸ਼ਬਦ ਕਮਾਈ**
**ਗੁਰਪ੍ਰਸਾਦਿ**

**ਲਾਜ਼ਮੀ ਹੈ।**

ਗੁਰ ਕੀ ਬਾਣੀ ਗੁਰ ਤੇ ਜਾਤੀ ਜਿ ਸਬਦਿ ਰਤੇ ਰੰਗੁ ਲਾਇ ॥ (ਪੰਨਾ-੧੩੪੬)

ਇਸ ਤਰ੍ਹਾਂ ਗੁਰਵਾਕ **'ਇਹ ਬਾਣੀ ਜੋ ਜੀਅਹੁ ਜਾਣੈ,** ਤਿਸੁ ਅੰਤਰਿ ਰਵੈ ਹਰਿ ਨਾਮਾ' ਦੀ ਆਤਮ-ਕਲਾ ਸਾਡੇ ਮਨ ਤੇ ਵਰਤ ਸਕਦੀ ਹੈ।

ਆਤਮ ਮੰਡਲ ਦਾ 'ਅਨੁਭਵੀ ਗਿਆਨ' ਦਿਮਾਗੀ ਖੋਜ ਦੀ ਪਕੜ ਅਥਵਾ ਪਹੁੰਚ ਤੋਂ ਪਰੇ ਹੈ।

ਜਦ ਸਰੀਰ ਨੂੰ ਬਿਜਲੀ ਦੇ ਕਰੰਟ ਦੀ 'ਛੋਹ' ਲਗਦੀ ਹੈ, ਤਾਂ ਸਾਰੇ ਸਰੀਰ ਵਿਚ ਕੋਈ ਥਰ-ਕੰਬਣੀ (vibration) ਫਿਰ ਜਾਂਦੀ ਹੈ, ਪਰ ਇਹ ਥਰ ਕੰਬਣੀ ਹਾਨੀਕਾਰਕ (destructive) ਹੈ।

ਇਸ ਦੇ ਉਲਟ ਜਦ ਅਨੁਭਵੀ ਆਤਮਿਕ 'ਲਿਸ਼ਕ' ਅਥਵਾ 'ਸਬਦ' ਯਾ 'ਨਾਮ' ਦੇ ਪ੍ਰਕਾਸ਼ ਦਾ ਝਲਕਾਰਾ ਸਾਡੇ ਮਨ ਤੇ ਪੈਂਦਾ ਹੈ, ਤਾਂ ਤਨ, ਮਨ ਅਤੇ ਅੰਤ੍ਰ-ਆਤਮਾ ਵਿਚ ਕੋਈ ਅਨੋਖੀ ਅਤੇ ਅਕਹਿ ਰੁਣ ਝੁਣ ਮਹਿਸੂਸ ਹੁੰਦੀ ਹੈ, ਜੋ—

ਸੁਖ
ਸ਼ਾਂਤੀ
ਠੰਢ
ਅਨੰਦ
ਪ੍ਰੀਤ
ਪਿਆਰ



and is thus able to understand-know-unravel-experience the illuminated form of essence knowledge of Bani or 'incessant or unstruck divine word' and hence is able to benefit from the innate divine essence knowledge of Gurbani.

1 *The Word of the Gurmukh is God Himself. Through the Shabad, we merge in Him.* 39

2 *Those who know the essence of the Shabad, understand their own selves.*
*Immaculate is the speech of those who chant the Word of the Shabad.* 115

3 *The True Lord is Himself forever True; He announces His Bani, the Word of His Shabad.* 912

4 *The Ambrosial Word of Gurbani proclaims the essence of reality. Spiritual wisdom and meditation are contained within it. The Gurmukhs chant it, and the Gurmukhs realize it. Intuitively aware, they meditate on it.* 1243

In other words to understand, to unravel this 'incessant or unstruck bani' or 'uncessant or unstruck Shabad' and to relish the hue of the illumination of its essence knowledge or 'intuitional contemplation' –

continuous company of the holy
the cultivation of the shabad
the grace of the Guru

is mandatory.

5 *Those who are attuned to the love of the Shabad know the Guru, through the Word of the Guru's Bani.* 1346

In this way divine power of the word of the Guru *'The Lord's Name abides deep within the nucleus of one who realizes the Bani of the Guru's Word within his soul.'* can also operate or act upon our own mind.

The 'intuitional knowledge' of the divine realm is beyond the grasp or reach of intellectual research.

When a physical body touches an electric current, a vibration runs through the whole body but this vibration is destructive.

Conversely when the tremor of intuitional spiritual 'flash' or 'shabad' or the illumination of 'Naam' is felt by our mind then some wondrous and unexplainable melody is experienced in the body, mind and in the innate self, which gives rise to-

peace
calmness
coolness
bliss
love
affection

ਪ੍ਰਿਮ ਰਸ

ਚਾਉ

ਮਹਾਂਰਸ

ਪ੍ਰਦਾਨ ਕਰਦੀ ਹੈ।

ਪਰ ਇਸ ਰੁਣਝੁਣ ਦੇ ਸੁਆਦ ਅਤੇ ਰਸ ਨੂੰ ਅਖਰਾਂ ਯਾ ਬੋਲੀ ਵਿਚ ਬਿਆਨਿਆ ਨਹੀਂ ਜਾ ਸਕਦਾ ।

ਜਹਾ ਬੋਲ ਤਹ ਅਛਰ ਆਵਾ ॥ ਜਹ ਅਬੋਲ ਤਹ ਮਨੁ ਨ ਰਹਾਵਾ ॥
ਬੋਲ ਅਬੋਲ ਮਧਿ ਹੈ ਸੋਈ ॥
ਜਸ ਓਹੁ ਹੈ ਤਸ ਲਖੈ ਨ ਕੋਈ ॥ (ਪੰਨਾ-੩੪੦)

ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥ (ਪੰਨਾ-੧੩੭੦)

ਇਸ ਅਲੌਕਿਕ ਆਤਮਿਕ 'ਰੁਣਝੁਣ' ਨੂੰ ਮਹਿਸੂਸ ਕਰਨਾ ਅਥਵਾ ਮਾਣਨਾ ਹੀ ਆਤਮਿਕ ਦਾਤ ਅਥਵਾ 'ਨਾਮ' ਜਾਂ 'ਸਬਦ' ਦਾ ਬੁੱਝਣਾ, ਸੀਝਣਾ, ਚੀਨਣਾ ਅਤੇ ਪਹਿਚਾਨਣਾ ਅਥਵਾ **'ਅਨੁਭਵੀ ਵਿਚਾਰ'** ਕਿਹਾ ਜਾਂਦਾ ਹੈ।

ਕਿਤਨੀ ਹੈਰਾਨੀ ਵਾਲੀ ਅਤੇ ਅਫਸੋਸ ਦੀ ਗੱਲ ਹੈ ਕਿ ਕਈ ਜਨਮਾਂ ਤੋਂ ਪਰਮਾਰਥ ਦੀ ਬਾਬਤ—

ਪੜ੍ਹਦਿਆਂ-ਪੜ੍ਹਾਉਂਦਿਆਂ
ਸੁਣਦਿਆਂ-ਸੁਣਾਉਂਦਿਆਂ
ਕਥਾ-ਵਾਰਤਾ ਕਰਦਿਆਂ
ਉਪਦੇਸ਼ ਕਰਦਿਆਂ
ਵਾਦ-ਵਿਵਾਦ ਕਰਦਿਆ
ਕਰਮ-ਕਾਂਡ ਕਰਦਿਆਂ

ਹੋਇਆਂ ਭੀ ਗੁਰਬਾਣੀ ਵਿਚ ਦਰਸਾਏ 'ਆਤਮਿਕ ਗਿਆਨ' ਅਥਵਾ ਅਨੁਭਵੀ ਵਿਚਾਰ ਦੀ ਸਚਾਈ ਨੂੰ ਅਸੀਂ ਬੁੱਝ, ਸੀਝ, ਚੀਨ, ਜਾਣ ਅਤੇ ਪਹਿਚਾਨ ਨਹੀਂ ਸਕੇ ਅਥਵਾ ਜੀਵਨ ਦੇ **ਨਿਜੀ ਤਜਰਬੇ ਵਿਚ ਮਾਣ ਨਹੀਂ ਸਕੇ** !!

ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥ (ਪੰਨਾ-੫੬੦)

ਅਸੀਂ ਆਪਣੀ ਤੀਖਣ ਬੁੱਧੀ ਨਾਲ ਮਾਇਕੀ ਅਥਵਾ ਮਾਦੀ ਕੁਦਰਤ ਦੀ ਬਾਹਰਮੁਖੀ ਖੋਜ ਵਿਚ ਇਤਨੇ ਖੁੱਭੇ ਅਥਵਾ ਮਸਤ ਹੋਏ ਹਾਂ, ਕਿ ਅੰਤ੍ਰਮੁਖੀ ਆਤਮਿਕ ਖੋਜ ਦੀ ਸਾਨੂੰ ਲੋੜ ਹੀ ਨਹੀਂ ਭਾਸਦੀ ਅਤੇ ਨਾ ਹੀ ਫੁਰਸਤ ਹੈ।

ਆਤਮਿਕ ਮੰਡਲ ਦੇ 'ਝਲਕਾਰੇ' ਅਥਵਾ ਛੋਹ ਦੇ ਅਸਰ ਯਾ ਰਸ ਅਥਵਾ 'ਅਨੁਭਵੀ ਵਿਚਾਰ' ਨੂੰ ਅਖਰਾਂ ਯਾ ਬੋਲੀ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਪਰ, ਗੁਰਬਾਣੀ ਵਿਚ



relish of love
joy
supreme ecstasy.

But the taste and the relish of the celestial melody cannot be described in words.

1 *Wherever there is speech, there are letters.*
*Where there is no speech, there, the mind rests on nothing.*
*He is in both speech and silence.*
*No one can know Him as He is.* 340

2 *I cannot describe its sublime glory; it has to be seen to be appreciated.* 1370

Experiencing and enjoying this wondrous divine 'celestial melody' is indeed the spiritual gift (which involves) the unravelling, discovering, remembering and recognising of the 'Naam', or 'shabad', a process referred to as 'intuitional contemplation'.

It is such a surprising and sad thing that despite –

learning – teaching
listening and relating
giving discourses
giving sermons
debating and arguing
practicing rites and rituals

pertaining to religious pursuit over so many births, we have still been unable to unravel, discover, remember, know and recognise the reality of 'spiritual knowledge' or intuitional contemplation stated in Gurbani or we have had no personal experience of it in our life.

3 *Egotism is total darkness; in egotism, no one can understand anything.* 560

With our sharp intellect, we are so engrossed or intoxicated in the external research of materialism or gross (aspect of) nature, that we do not feel the need to research the innate self within, nor do we have the time.

The 'flashes' of the divine realm, or the effect of the touch or relish or 'intuitional contemplation' cannot be expressed in words or language. But in Gurbani

ਇਸ ਅਨੋਖੇ ਆਤਮਿਕ ਤਜਰਬੇ ਨੂੰ ਇਉਂ ਬਿਆਨ ਕੀਤਾ ਗਿਆ ਹੈ—

ਅਨਹਦੋ ਅਨਹਦੁ ਵਾਜੈ ਰੁਣ ਝੁਣਕਾਰੇ ਰਾਮ ॥
ਮੇਰਾ ਮਨੋ ਮੇਰਾ ਮਨੁ ਰਾਤਾ ਲਾਲ ਪਿਆਰੇ ਰਾਮ ॥ (ਪੰਨਾ-੪੩੬)

ਤਹ ਅਨਦ ਬਿਨੋਦ ਸਦਾ ਅਨਹਦ ਝੁਣਕਾਰੋ ਰਾਮ ॥
ਮਿਲਿ ਗਾਵਹਿ ਸੰਤ ਜਨਾ ਪ੍ਰਭ ਕਾ ਜੈਕਾਰੋ ਰਾਮ ॥
ਮਿਲਿ ਸੰਤ ਗਾਵਹਿ ਖਸਮ ਭਾਵਹਿ ਹਰਿ ਪ੍ਰੇਮ ਰਸ ਰੰਗ ਭਿੰਨੀਆ ॥ (ਪੰਨਾ-੫੪੫)

ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥
ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ ॥ (ਪੰਨਾ-੫੫੭)

ਰੁਣ ਝੁਣੋ ਸਬਦੁ ਅਨਾਹਦੁ ਨਿਤ ਉਠਿ ਗਾਈਐ ਸੰਤਨ ਕੈ ॥
ਕਿਲਵਿਖ ਸਭਿ ਦੋਖ ਬਿਨਾਸਨੁ ਹਰਿ ਨਾਮੁ ਜਪੀਐ ਗੁਰਮੰਤਨ ਕੈ ॥ (ਪੰਨਾ-੯੨੫)

ਮਾਈ ਰੀ ਪੇਖਿ ਰਹੀ ਬਿਸਮਾਦ ॥
ਅਨਹਦ ਧੁਨੀ ਮੇਰਾ ਮਨੁ ਮੋਹਿਓ ਅਚਰਜ ਤਾ ਕੇ ਸ੍ਵਾਦ ॥ (ਪੰਨਾ-੧੨੨੬)

ਹਾਂ ਜੀ, ਸਾਡੇ ਮਨ-ਤਨ ਤੇ ਜੋ ਆਤਮਿਕ ਛੋਹ ਦਾ ਸੋਹਣਾ, ਮਿਠਾ ਅਤੇ ਬਿਸਮਾਦੀ ਅਸਰ ਹੁੰਦਾ ਹੈ, ਉਸ ਨੂੰ—

ਰੁਣ ਝੁਣ
ਥਰ ਕੰਬਣੀ
ਅਨਹਦ ਝੁਣਕਾਰ
ਅਨਹਦ ਧੁਨੀ
ਅਨਹਦ ਬਾਣੀ
ਅਨਹਦ ਨਾਦ
ਅਨਹਦ ਸਬਦ

ਕਿਹਾ ਗਿਆ ਹੈ ਅਤੇ ਇਸ ਦੇ **ਅੰਤ੍ਰ-ਆਤਮੇ ਅਨੁਭਵੀ ਨਿਜੀ ਤਜਰਬੇ ਨੂੰ** —

ਬੁੱਝਣਾ
ਸੀਝਣਾ
ਚੀਨਣਾ
ਜਾਣਨਾ
ਪਹਿਚਾਨਣਾ

ਅਥਵਾ **'ਅਨੁਭਵੀ ਵਿਚਾਰ'** ਕਿਹਾ ਜਾਂਦਾ ਹੈ।

ਪਰ ਇਹ **ਅੰਤ੍ਰ-ਆਤਮੇ ਦੀ ਖੇਲ**—
ਨਿਰਾਲੀ ਹੈ
ਵਿਲੱਖਣ ਹੈ



the extraordinary spiritual experience has been explained -

1 *The unstruck melody of the sound current resounds with the vibrations of the celestial instruments.*
*My mind, my mind is imbued with the Love of my Darling Beloved. 436*

2 *There is bliss and ecstasy there always, and the unstruck celestial melody resounds there.*
*Meeting together, the Saints sing God's Praises, and celebrate His Victory.*
*Meeting together, the Saints sing the Praises of the Lord Master; they are pleasing to the Lord, and saturated with the sublime essence of His love and affection. 545*

3 *The peacocks are singing so sweetly, O sister; the rainy season of Saawan has come.*
*Your beauteous eyes are like a string of charms, fascinating and enticing the soul-bride. 557*

4 *Rise early each morning, and with the Saints, sing the melodious harmony, the unstruck sound current of the Shabad. 925*
*All sins and sufferings are erased, chanting the Lord's Name, under Guru's Instructions.*

5 *O mother, I am wonder-struck, gazing upon the Lord.*
*My mind is enticed by the unstruck celestial melody; its flavor is amazing! 1226*

O Yes, the beautiful, sweet and wondrous effect the divine touch has on our mind and body is called –

celestial melody
vibration
incessant unstruck jingling
incessant unstruck melody
incessant unstruck bani
incessant unstruck sound current
incessant unstruck shabaad

and the experience of

unravelling
discovering
finding
knowing
recognising

of the innate intuitional personal self within is call 'intuitional contemplation'

The this play of the innate self within
is unique
is distinctive

L103.11

ਅਚਰਜ ਹੈ
ਅੰਤ੍ਰ ਮੁਖੀ ਹੈ
ਚੁਪ ਪ੍ਰੀਤ ਹੈ
ਪ੍ਰੇਮ-ਸਵੈਪਨਾ ਹੈ
ਬਿਸਮਾਦੀ ਹੈ
ਨਾਮ-ਖੁਮਾਰੀ ਹੈ
ਆਤਮ ਮਹਾਂ ਰਸ ਹੈ
ਆਤਮ ਰੰਗ ਹੈ

ਅਤੇ ਇਹ **'ਅਚਰਜ ਖੇਲ'** ਬਾਹਰਮੁਖੀ ਸਮਝੇ ਅਤੇ ਜਾਣੇ ਹੋਏ ਖਿਆਲਾਂ ਅਤੇ ਨਿਸਚਿਆਂ ਦੇ ਦਿਮਾਗੀ ਗਿਆਨ ਤੋਂ **ਵਿਲੱਖਣ** ਹੈ।

**'ਆਤਮਿਕ ਤਜਰਬੇ'** ਅਥਵਾ **'ਅਨੁਭਵੀ ਵਿਚਾਰ'** ਤੋਂ ਬਿਨਾਂ ਸਾਰਾ ਸੰਸਾਰ ਹੀ ਮਾਇਕੀ ਅਗਿਆਨਤਾ ਅਥਵਾ ਭਰਮ ਗੜ੍ਹ ਵਿਚ ਹੀ ਵਿਚਰਦਾ ਤੇ ਗਲਤਾਨ ਰਹਿੰਦਾ ਹੈ —

ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥
ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ ॥ (ਪੰਨ-੪੦੦)

ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥ (ਪੰਨਾ-੫੫੮)

ਮਾਨੁਖੁ ਬਿਨੁ ਬੂਝੇ ਬਿਰਥਾ ਆਇਆ ॥
ਅਨਿਕ ਸਾਜ ਸੀਗਾਰ ਬਹੁ ਕਰਤਾ ਜਿਉ ਮਿਰਤਕੁ ਓਢਾਇਆ ॥ (ਪੰਨਾ-੭੧੨)

ਹੁਣ ਸੁਆਲ ਇਹ ਹੈ ਕਿ **ਅਨੁਭਵੀ ਵਿਚਾਰ ਕਿਵੇਂ ਪ੍ਰਾਪਤ ਕੀਤੀ ਜਾਵੇ ?**

ਪਹਿਲਾਂ ਸਾਨੂੰ ਇਹ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਸੂਖਮ 'ਅਨੁਭਵੀ ਵਿਚਾਰ' ਆਤਮਿਕ ਮੰਡਲ ਦੀ ਖੇਡ ਹੈ। ਇਸ ਲਈ ਜੇ ਅਸੀਂ ਅਨੁਭਵੀ ਵਿਚਾਰ ਪ੍ਰਾਪਤ ਕਰਨਾ ਹੈ, ਤਾਂ ਸਾਨੂੰ ਆਪਣੀ ਸੀਮਤ ਬੁੱਧੀ ਤੋਂ **ਉਪਰ ਉਠ ਕੇ,** ਧਿਆਨ ਅਥਵਾ ਸੁਰਤ ਦੁਆਰਾ ਅੰਦਰ ਅੰਤਰ-ਮੁਖੀ ਹੋ ਕੇ ਸਿਮਰਨ ਕਰਨਾ ਪਵੇਗਾ। ਸੁਰਤੀ ਦੁਆਰਾ ਅੰਤਰਮੁਖੀ ਸਿਮਰਨ ਹੀ 'ਅਨੁਭਵੀ ਵਿਚਾਰ' ਹੈ। ਇਸ ਫਲ ਸਰੂਪ ਸਾਨੂੰ 'ਇਕਾ ਬਾਣੀ', 'ਇਕੋ ਸਬਦ' ਦੇ ਵਿਚਾਰ ਦਾ ਅਨੁਭਵ ਜਾਂ ਅਨੁਭਵ ਪ੍ਰਕਾਸ਼ ਹੋ ਸਕਦਾ ਹੈ।

ਜਿੰਨਾ ਚਿਰ ਅਸੀਂ ਸੁਰਤ ਦੁਆਰਾ ਸਿਮਰਨ ਕਰਦੇ ਹੋਏ ਅੰਤ੍ਰ-ਮੁਖੀ ਨਹੀਂ ਹੁੰਦੇ, ਸਾਨੂੰ ਕਦੇ ਭੀ ਆਤਮਿਕ ਖੇਲ ਦਾ **'ਤਤ ਗਿਆਨ'** ਪ੍ਰਾਪਤ ਨਹੀਂ ਹੋ ਸਕਦਾ। ਬਾਕੀ ਬਾਹਰਲੇ ਬੁੱਧੀ ਮੰਡਲ ਦੇ ਗਿਆਨ ਅਤੇ ਵਿਚਾਰ ਸਭ ਅਧੂਰੇ ਤੇ ਫੋਕਟ ਹਨ।

**ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥**
**ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥** (ਪੰਨਾ-੧੦੨)



is astonishing
is internally orientated
is silent love
is the love of the Self within
is wondrous
is the intoxication of the Naam
is the supreme relish of the soul
is the hue or coloour of the soul

and this 'wondrous play' is distinctive from the intellectual knowledge of the externally perceived and known thoughts and inclinations.

Without 'spiritual experiences' or 'intuitional contemplation' the entire creation is operating in materialistic ignorance or the fort of doubt and is deeply absorbed in it.

1 *As long as he does not understand the Command of God's Will, he remains miserable.*
*Meeting with the Guru, he comes to recognize God's Will, and then, he becomes happy.* *400*

2 *This world is deluded by doubt; how rare are those who understand this.* *558*
*Without understanding, his coming into the world is useless.*
*He puts on various ornaments and many decorations, but it is like dressing a corpse.* *712*

Now the question arises, **how can intuitional contemplation be achieved?**

First we have to really understand that the subtle 'intuitional contemplation' is the play of the divine realm. So if we want to acquire intuitional contemplation, then we have to rise above our limited intellect, through (focused) attention or conscious awareness do simran in the innate self within. Simran done through conscious awareness is indeed 'intuitional contemplation'. This awareness of the contemplation of the 'one bani' 'one shabad' can bring about an intuitional illumination in us.

For as long as we do not go into the innate self within while consciously doing simran, we can never ever succeed in acquiring the 'essence knowledge' of the divine play. All other external forms of knowledge of the intellectual realm and contemplation are incomplete and hollow.

3 *Everything is within the home of the self; there is nothing beyond.*
*One who searches outside is deluded by doubt.* *102*